Punjab Government Gazette

Published by Authority

No. 33] CHANDIGARH, FRIDAY, AUGUST 14, 2026 (SRAVANA 23, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਹੁਕਮ

ਮਿਤੀ 23 ਜੂਨ, 2025

ਨੰ: HOME-HM-30ESBM/296/2025-2H3 (E889788/1/1132853/2025.- ਪੰਜਾਬ ਪੁਲਿਸ ਦੇ ਜਿਲਾ ਕਾਡਰ ਅਤੇ ਆਰਮਡ ਕਾਡਰ ਵਿਚ ਤੈਨਾਤ ਇੰਸਪੈਕਟਰਾਂ ਨੂੰ ਬਤੌਰ ਡੀ.ਐਸ.ਪੀ ਤਰੱਕੀਯਾਬ ਕਰਨ ਸਬੰਧੀ ਮਿਤੀ 23.05.2025 ਨੂੰ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਿਸ਼ਾਂ ਸਨੁਮੱਖ ਹੇਠ ਲਿਖੇ ਇੰਸਪੈਕਟਰਾਂ ਨੂੰ ਬਤੌਰ ਉਪ ਕਪਤਾਨ ਪੁਲਿਸ ਦੀ ਆਸਾਮੀ ਤੇ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸਾਂ ਅਨੁਸਾਰ ਸੋਧੇ ਤਨਖਾਹ ਸਕੇਲਾਂ ਵਿਚ Level 18: 56100-177500 ਤੇ ਪਦਉੱਨਤ ਕੀਤਾ ਜਾਂਦਾ ਹੈ:-

ਜਿਲਾ ਕਾਡਰ

ਲੜੀ ਨੰ:	ਸੀਨੀਆਰਤਾ ਨੰ	ਇੰਸਪੈਕਟਰ ਦਾ ਨਾਮ ਅਤੇ ਨੰਬਰ	ਵਿਸ਼ੇਸ ਕਥਨ
1	1490	ਸੰਜੀਵ ਕਪੂਰ, 392/ਜੇ.ਆਰ.ਟੀ	ਆਮ ਵਰਗ
2	1492	ਭੂਸਣ ਸ਼ੇਕੜੀ, 394/ਜੇ.ਆਰ.ਟੀ	ਆਮ ਵਰਗ
3	1515	ਲਖਵਿੰਦਰ ਸਿੰਘ, 2/ਫਰੀਦਕੋਟ	ਆਮ ਵਰਗ
4	1540	ਹਰਜੀਤ ਸਿੰਘ, 63/ਪੀ.ਆਰ.ਟੀ, 133/ਆਰ.ਆਰ	ਆਮ ਵਰਗ

ਆਰਮਡ ਕਾਡਰ

ਲੜੀ ਨੰ:	ਸੀਨੀਆਰਤਾ ਨੰ	ਇੰਸਪੈਕਟਰ ਦਾ ਨਾਮ ਅਤੇ ਨੰਬਰ	ਵਿਸ਼ੇਸ ਕਥਨ
1	224	ਸੂਰਜ ਪ੍ਰਕਾਸ਼., 1604/ਪੀ.ਏ.ਪੀ	ਆਮ ਵਰਗ

2. ਇਹ ਪਦ-ਉਨਤੀਆਂ ਹੇਠ ਲਿਖੀਆਂ ਸ਼ਰਤਾਂ ਤੇ ਹੋਣਗੀਆਂ:

1) ਇਹ ਪਦ ਉਨਤੀਆਂ ਵੱਖ-ਵੱਖ ਮਾਨਯੋਗ ਅਦਾਲਤਾਂ ਵਿਖੇ ਚੱਲਦੇ ਵੱਖ ਵੱਖ ਕੇਸਾਂ ਦੇ ਅੰਤਮ ਫੈਸਲਿਆਂ ਦੇ ਆਧਾਰ ਤੇ ਸੋਧਣ ਯੋਗ ਹੋਣਗੀਆਂ।

2) ਮਾਨਯੋਗ ਸੁਪਰੀਮ ਕੋਰਟ ਵਿਖੇ ਸੰਵਿਧਾਨ ਦੀ 85ਵੀਂ ਸੋਧ ਸਬੰਧੀ ਫੈਸਲੇ ਦੇ ਆਧਾਰ ਤੇ ਮੁੜ ਵਿਚਾਰਨਯੋਗ ਹੋਣਗੀਆਂ।

3) ਜੇਕਰ ਕਿਸੇ ਕਾਰਨ ਵਿਭਾਗ ਦੇ ਇੰਸਪੈਕਟਰਾਂ ਦੀ ਸੀਨੀਆਰਤਾ ਸੂਚੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਅਨੁਸਾਰ ਇਨ੍ਹਾਂ ਤਰੱਕੀਆਂ ਤੇ ਮੁੜ ਵਿਚਾਰ ਕੀਤਾ ਜਾਵੇਗਾ।

4) ਇਸ ਅਧਿਕਾਰੀ ਦਾ ਪਰਖ ਕਾਲ ਦਾ ਸਮਾਂ ਇਕ ਸਾਲ ਦਾ ਹੋਵੇਗਾ।

5) ਇਸ ਪੱਦ ਉਨਤੀ ਦੇ ਵਿੱਤੀ ਲਾਭ ਡੀ.ਐਸ.ਪੀ ਦੀ ਅਸਾਮੀ ਦਾ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਮਿਲਣਯੋਗ ਹੋਣਗੇ।

3. ਇਹ ਹੁਕਮ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਅਲੋਕ ਸ਼ੇਖਰ, ਆਈ.ਏ.ਐਸ.,
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 23 ਜੂਨ, 2025

3796/8-2026/Pb. Govt. Press, S.A.S. Nagar